**ਪੰਜਾਬ ਸਕੂਲ ਸਿੱਖਿਆ ਬੋਰਡ**

**ਨੋਟਿਸ**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਕਰੀਡਿਟਿਡ ਸਮੂਹ ਸਕੂਲਾਂ ਨੂੰ ਹੇਠ ਦਰਜ ਪੱਤਰ ਅਨੁਸਾਰ ਸੂਚਿਤ ਕੀਤਾ ਗਿਆ ਸੀ ਕਿ ਓਪਨ ਸਕੂਲ ਦੇ ਅਧਿਐਨ ਕੇਂਦਰਾਂ ਵਜੋਂ ਕੰਮ ਕਰ ਰਹੀਆਂ ਸੰਸਥਾਵਾਂ ਨੂੰ 200 ਤੋਂ ਵੱਧ ਵਿਦਿਆਰਥੀ ਦਾਖਲ ਕਰਨ ਲਈ, ਸਪੈਸ਼ਲ ਵਾਧੂ ਸੈਕਸ਼ਨ ਅਲਾਟ ਨਹੀਂ ਕੀਤੇ ਜਾਣਗੇ । ਇਸ ਨੋਟਿਸ ਰਾਂਹੀਂ ਬੋਰਡ ਨਾਲ ਐਕਰੀਡਿਟਿਡ ਸਕੂਲਾਂ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ ਅਕਾਦਮਿਕ ਸਾਲ 2013-14 ਲਈ ਓਪਨ ਸਕੂਲ ਦੇ ਅਧਿਐਨ ਕੇਂਦਰਾਂ ਵਿੱਚ 200 ਤੋਂ ਵੱਧ ਵਿਦਿਆਰਥੀ ਦਾਖਲ ਨਾ ਕੀਤੇ ਜਾਣ ।

Kaur

ਉਪ ਡਾਇਰੈਕਟਰ (ਓਪਨ ਸਕੂਲ)

19.7.2013

**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਹਿਬਜ਼ਾਦਾ ਅਜੀਤ ਸਿੰਘ ਨਗਰ-1600 62**

**(ਓਪਨ ਸਕੂਲ ਸ਼ਾਖਾ)**

ਨੰ: ਪਸਸਬ-ਓਸ-2013/3118 ਤੋਂ 3868

ਮਿਤੀ : 30.5.13

ਵੱਲ

ਪ੍ਰਿੰਸੀਪਲ/ਮੁਖੀ,

ਸਮੂਹ ਅਧਿਐਨ ਕੇਂਦਰ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਏ ਫੈਸਲੇ ਅਨੁਸਾਰ ਸਾਲ 2013-14 ਤੋਂ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਕੰਮ ਕਰ ਰਹੀਆਂ ਸੰਸਥਾਵਾਂ ਨੂੰ 200 ਤੋਂ ਵੱਧ ਵਿਦਿਆਰਥੀ ਦਾਖਲ ਕਰਨ ਲਈ, ਸਪੈਸ਼ਲ ਵਾਧੂ **ਸੈਕਸ਼ਨ ਅਲਾਟ ਨਹੀਂ ਕੀਤੇ ਜਾਣਗੇ**। 200 ਵਿਦਿਆਰਥੀ ਦਾਖਲ ਹੋਣ ਉਪਰੰਤ ਦਾਖਲਾ ਲੈਣ ਦੇ ਇੱਛੁਕ ਵਿਦਿਆਰਥੀਆਂ ਨੂੰ ਨੇੜੇ ਦੇ ਸਰਕਾਰੀ ਸਕੂਲ ਵਿੱਚ ਦਾਖਲਾ ਦਿੱਤਾ ਜਾਵੇਗਾ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕਈ ਸੰਸਥਾਵਾਂ ਨਿਰਧਾਰਿਤ ਫ਼ੀਸ ਤੋਂ ਵੱਧ ਪੈਸੇ ਲੈ ਕੇ ਓਪਨ ਸਕੂਲ ਵਿੱਚ ਵਿਦਿਆਰਥੀ ਦਾਖਲ ਕਰਦੀਆਂ ਹਨ ਜੋ ਕਿ ਗਲਤ ਪ੍ਰਥਾ ਹੈ। ਕਿਸੇ ਵੀ ਸੰਸਥਾ ਵਿਰੁੱਧ ਖੇਤਰ ਵਿੱਚੋਂ ਅਜਿਹੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਸੰਸਥਾ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਸੰਸਥਾ ਦੀ ਐਕਰੀਡਿਟੇਸ਼ਨ ਰੱਦ ਕਰ ਦਿੱਤੀ ਜਾਵੇਗੀ ਅਤੇ ਐਫੀਲਿਏਸ਼ਨ ਵੀ ਰੱਦ ਕੀਤੀ ਜਾ ਸਕਦੀ ਹੈ।

ਉਪ ਡਾਇਰੈਕਟਰ (ਓਪਨ ਸਕੂਲ)